# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਵਿੱਤੀ ਸੇਵਾਵਾਂ ਅਤੇ ਖਜ਼ਾਨਾ ਬਿਊਰੋ
## (ਵਿੱਤੀ ਸੇਵਾਵਾਂ ਦੀ ਸ਼ਾਖਾ)

ਵਿੱਤੀ ਸੇਵਾਵਾਂ ਦੀ ਸ਼ਾਖਾ ਦਾ ਉਦੇਸ਼ ਹਾਂਗਕਾਂਗ ਦੀ ਸਥਿਤੀ ਨੂੰ ਇੱਕ ਅੰਤਰਰਾਸ਼ਟਰੀ ਵਿੱਤੀ ਕੇਂਦਰ ਵਜੋਂ ਸਥਾਪਿਤ ਕਰਨਾ ਅਤੇ ਵਧਾਉਣਾ; ਹਾਂਗਕਾਂਗ ਦੀ ਵਿੱਤੀ ਪ੍ਰਣਾਲੀ ਦੀ ਇਕਸਾਰਤਾ ਅਤੇ ਸਥਿਰਤਾ ਨੂੰ ਕਾਇਮ ਰੱਖਣਾ; ਵਿੱਤੀ ਬਾਜ਼ਾਰਾਂ ਦੇ ਸੁਚੱਜੇ ਅਤੇ ਕੁਸ਼ਲ ਸੰਚਾਲਨ ਦੇ ਨਾਲ-ਨਾਲ ਸੂਝਵਾਨ ਅਤੇ ਉਚਿਤ ਨਿਯਮ ਨੂੰ ਯਕੀਨੀ ਬਣਾਉਣਾ; ਅਤੇ ਇੱਕ ਵਪਾਰਕ ਵਾਤਾਵਰਣ ਪ੍ਰਦਾਨ ਕਰਨਾ ਹੈ ਜੋ ਖੁੱਲਾ, ਨਿਰਪੱਖ ਅਤੇ ਵਿੱਤੀ ਮਾਰਕੀਟ ਦੇ ਵਿਕਾਸ ਦੇ ਅਨੁਕੂਲ ਹੋਵੇ।

ਜਿੱਥੇ ਲਾਗੂ ਹੁੰਦਾ ਹੈ, ਭਿੰਨ-ਭਿੰਨ ਜਾਤੀਆਂ ਦੇ ਲੋਕਾਂ ਦੀਆਂ ਸੇਵਾ ਜਰੂਰਤਾਂ ਦੀ ਪੂਰਤੀ ਲਈ ਉਪਾਅ ਕੀਤੇ ਜਾਣਗੇ। ਵਿੱਤੀ ਸੇਵਾਵਾਂ ਦੀਆਂ ਸ਼ਾਖਾ ਇਹ ਯਕੀਨੀ ਬਣਾਉਣਾ ਵੀ ਨਿਰੰਤਰ ਜਾਰੀ ਰੱਖੇਗੀ ਕਿ ਲੋਕਾਂ ਨੂੰ ਸੇਵਾਵਾਂ ਦੀ ਵਿਵਸਥਾ ਜਾਤੀ ਦੇ ਭੇਦਭਾਵ ਸੰਬੰਧੀ ਆਰਡੀਨੈਂਸ (ਕੈਪ. 602) ਦੀ ਪਾਲਣਾ ਅਨੁਸਾਰ ਕੀਤੀ ਜਾ ਰਹੀ ਹੈ।

| | |
|---|---|
| ਸੰਬੰਧਿਤ ਸੇਵਾਵਾਂ | • ਵਿੱਤੀ ਸੇਵਾਵਾਂ ਦੀ ਸ਼ਾਖਾ ਦੇ ਨੀਤੀਗਤ ਖੇਤਰਾਂ ਅਧੀਨ ਨੀਤੀਆਂ ਦਾ ਗਠਨ ਕਰਨਾ ਅਤੇ ਕਾਨੂੰਨੀ ਪ੍ਰਸਤਾਵਾਂ ਨੂੰ ਪੇਸ਼ ਕਰਨਾ; ਸੰਬੰਧਿਤ ਵਿਭਾਗਾਂ ਅਤੇ ਰੈਗੂਲੇਟਰੀ ਅਥਾਰਟੀਆਂ ਦੀ ਨਿਗਰਾਨੀ; ਹਾਂਗਕਾਂਗ ਵਿੱਚ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਵਿੱਤੀ ਬੁਨਿਆਦੀ ਢਾਂਚੇ 'ਤੇ ਨਵੀਆਂ ਪਹਿਲਕਦਮੀਆਂ ਦੇ ਲਾਗੂ ਕਰਨ ਲਈ ਤਾਲਮੇਲ ਅਤੇ ਸਹਾਇਤਾ; ਅਤੇ ਮਾਰਕੀਟ ਨੂੰ ਹੋਰ ਗਹਿਰਾ ਅਤੇ ਫੈਲਾਉਣ ਲਈ ਨਵੀਨਤਾ ਦੀ ਸਹੂਲਤ ਪ੍ਰਦਾਨ ਕਰਨਾ। |
| ਮੌਜੂਦਾ ਉਪਾਅ | • ਵਿੱਤੀ ਸੇਵਾਵਾਂ ਦੀ ਬ੍ਰਾਂਚ ਦੀਆਂ ਸੇਵਾਵਾਂ ਜਾਤੀ ਦੇ ਸੰਬੰਧ ਵਿੱਚ ਨਿਰਪੱਖ ਹੁੰਦੀਆਂ ਹਨ ਅਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਦਿੱਤੀਆਂ ਜਾਂਦੀਆਂ |

ਹਨ। ਜਿੱਥੇ ਜ਼ਰੂਰੀ ਅਤੇ ਉਚਿਤ ਹੋਵੇ, ਉੱਥੇ ਵਿਆਖਿਆ ਅਤੇ ਅਨੁਵਾਦ ਸੇਵਾ ਦਾ ਪ੍ਰਬੰਧ ਕੀਤਾ ਜਾਏਗਾ, ਉਦਾਹਰਣ ਵਜੋਂ, ਜਾਤੀ ਦੇ ਘੱਟ ਗਿਣਤੀ ਦੇ ਲੋਕਾਂ ਲਈ ਕੇਂਦਰ (CHEER), ਜੋ ਕਿ ਅੱਠ ਭਾਸ਼ਾਵਾਂ ਵਿੱਚ ਟੈਲੀਫੋਨ ਦੀ ਵਿਆਖਿਆ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ, ਇਹ ਹਨ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ , ਉਰਦੂ ਅਤੇ ਵੀਅਤਨਾਮੀ। ਸਟਾਫ਼ ਦੀ ਸੰਵੇਦਨਸ਼ੀਲਤਾ ਵਧਾਉਣ ਲਈ ਅਤੇ ਨਸਲ ਤੋਂ ਸੰਬੰਧਤ ਮੁੱਦਿਆਂ ਦੀ ਸਮਝ ਨਾਲ ਜੁੜੀ ਸਟਾਫ਼ ਟ੍ਰੇਨਿੰਗ ਪ੍ਰਦਾਨ ਕਰਨ ਲਈ, ਅਤੇ ਵਖਰੀ ਨਸਲ ਦੇ ਲੋਕਾਂ ਦੀ ਸੇਵਾ ਦੀਆਂ ਜਰੂਰਤਾਂ ਨਾਲ ਸੰਬੰਧਤ ਡੇਟਾ ਅਤੇ ਅੰਕੜੇ ਇੱਕਤਰ ਕਰਨ ਲਈ ਪ੍ਰਬੰਧ ਕੀਤੇ ਜਾਂਦੇ ਹਨ/

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਭਿੰਨ-ਭਿੰਨ ਜਾਤੀਆਂ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਨਜ਼ਰੀਏ ਨਾਲ ਵਿੱਤੀ ਸੇਵਾਵਾਂ ਦੀ ਸ਼ਾਖਾ ਸਮੇਂ-ਸਮੇਂ ਤੇ ਸੇਵਾਵਾਂ ਦਾ ਮੁਲਾਂਕਣ ਕਰੇਗੀ, ਉਪਰੋਕਤ ਮੁਲਾਂਕਣ ਵਿੱਚ ਭਿੰਨ-ਭਿੰਨ ਜਾਤੀ ਦੇ ਸੇਵਾ ਉਪਭੋਗਤਾਵਾਂ ਦਾ ਡੇਟਾ ਇਕੱਤਰ ਕਰਨਾ ਸ਼ਾਮਿਲ ਹੈ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • ਵਿੱਤੀ ਸੇਵਾਵਾਂ ਦੀ ਸ਼ਾਖਾ ਭਿੰਨ-ਭਿੰਨ ਜਾਤੀਆਂ ਦੇ ਲੋਕਾਂ ਦੀਆਂ ਸੇਵਾਵਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਜ਼ਰੂਰੀ ਉਪਾਅ ਕਰੇਗੀ। |

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਵਿੱਚ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਦੇ ਰਾਹੀਂ, ਸੀਨੀਅਰ ਕਾਰਜਕਾਰੀ ਅਫਸਰ (ਵਿੱਤੀ ਸੇਵਾਵਾਂ), Mr. Jack CHENG, ਨਾਲ ਸੰਪਰਕ ਕਰੋ -


| | | |
|---|---|---|
| ਟੈਲੀਫੋਨ ਨੰ. | : | 3655 5158 |
| ਫੈਕਸ ਨੰ. | : | 2528 3345 |
| ਈ - ਮੇਲ | : | enq@fstb.gov.hk |
| ਡਾਕ ਪਤਾ | : | 24/F, Central Government Offices, 2 Tim Mei Avenue, |

Tamar, Hong Kong

**ਵਿੱਤੀ ਸੇਵਾਵਾਂ ਅਤੇ ਖਜ਼ਾਨਾ ਬਿਊਰੋ**

**(**ਵਿੱਤੀ ਸੇਵਾਵਾਂ ਦੀ ਸ਼ਾਖਾ)

**ਮਈ 2025**